# ਜੰਗਲ ਦੀ ਅੱਗ ਵਾਸਤੇ ਤਿਆਰ ਹੋ ਜਾਓ

ਕੁਈਨਜ਼ਲੈਂਡ ਵਿੱਚ ਹਰ ਸਾਲ ਜੰਗਲ ਦੀਆਂ ਅੱਗਾਂ ਲੱਗਦੀਆਂ ਹਨ। ਉਹ ਲੋਕਾਂ, ਇਮਾਰਤਾਂ ਅਤੇ ਵਾਤਾਵਰਣ ਲਈ ਖ਼ਤਰਾ ਹਨ। ਤੁਹਾਨੂੰ ਹੁਣੇ ਤਿਆਰ ਹੋਣ ਦੀ ਲੋੜ ਹੈ।

## ਜੰਗਲ ਵਾਲੀ ਅੱਗ ਦੀ ਯੋਜਨਾ ਬਣਾਓ

- ਇਸ ਬਾਰੇ ਸੋਚੋ ਕਿ ਜੇ ਜੰਗਲ ਵਾਲੀ ਅੱਗ ਨੇੜੇ ਆਉਂਦੀ ਹੈ ਤਾਂ ਕੌਣ ਘਰ ਛੱਡ ਕੇ ਜਾਏਗਾ।
- ਤੁਹਾਡੇ ਕੋਲ ਕੋਈ ਸੁਰੱਖਿਅਤ ਜਗ੍ਹਾ ਹੈ ਜਿੱਥੇ ਤੁਸੀਂ ਜਾ ਸਕਦੇ ਹੋ। ਜਾਣੋ ਕਿ ਉੱਥੇ ਕਿਵੇਂ ਪਹੁੰਚਣਾ ਹੈ।
- ਤੁਸੀਂ ਜਦੋਂ ਸੁਰੱਖਿਅਤ ਹੁੰਦੇ ਹੋ, ਇਹ ਦੱਸਣ ਲਈ ਐਮਰਜੈਂਸੀ ਸੰਪਰਕ ਰੱਖੋ।
- ਆਪਣੇ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਵਾਸਤੇ ਯੋਜਨਾ ਬਣਾਓ।

## ਜਾਣੋ ਕਿ ਕਦੋਂ ਛੱਡ ਕੇ ਜਾਣਾ ਹੈ

### ਅੱਗ ਦੇ ਖਤਰੇ ਵਾਲੇ ਦਰਜਿਆਂ ਦੀ ਪਾਲਣਾ ਕਰੋ।

ਅੱਗ ਦੇ ਖਤਰੇ ਵਾਲੇ ਦਰਜੇ ਤੁਹਾਨੂੰ ਦੱਸਦੇ ਹਨ ਕਿ ਜੇ ਅੱਗ ਲੱਗ ਜਾਂਦੀ ਹੈ ਤਾਂ ਇਹ ਕਿੰਨੀ ਖਤਰਨਾਕ ਹੋਵੇਗੀ।




**ਔਸਤ** - ਯੋਜਨਾ ਬਣਾਓ ਅਤੇ ਤਿਆਰੀ ਕਰੋ
**ਉੱਚ** - ਕਾਰਵਾਈ ਕਰਨ ਲਈ ਤਿਆਰ ਰਹੋ
**ਹੱਦੋਂ ਵੱਧ** - ਹੁਣੇ ਕਾਰਵਾਈ ਕਰੋ ਅਤੇ ਚਲੇ ਜਾਓ
**ਤਬਾਹਕੁੰਨ** - ਜੰਗਲ ਵਿੱਚ ਅੱਗ ਲੱਗਣ ਦੇ ਖਤਰੇ ਵਾਲੇ ਖੇਤਰਾਂ ਨੂੰ ਛੱਡ ਕੇ ਚਲੇ ਜਾਓ

qfes.qld.gov.au/fdr 'ਤੇ ਹੋਰ ਜਾਣਕਾਰੀ ਲੱਭੋ

### ਚੇਤਾਵਨੀ ਦੇ ਚਿੰਨ੍ਹਾਂ ਨੂੰ ਜਾਣੋ।

ਕਈ ਵਾਰ ਤੁਸੀਂ ਜੰਗਲ ਦੀ ਅੱਗ ਬਾਰੇ ਕੋਈ ਚੇਤਾਵਨੀ ਦੇਖੋਗੇ ਜਾਂ ਸੁਣੋਗੇ। ਇਸ ਦਾ ਮਤਲਬ ਇਹ ਹੈ ਕਿ ਅੱਗ ਸ਼ੁਰੂ ਹੋ ਗਈ ਹੈ।

**ਸਲਾਹ**

ਨੇੜੇ ਹੀ ਅੱਗ ਲੱਗੀ ਹੋਈ ਹੈ।
ਤੁਹਾਨੂੰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਹੈ।

**ਵੇਖੋ ਅਤੇ ਕਾਰਵਾਈ ਕਰੋ**

ਅੱਗ ਨੇੜੇ ਹੀ ਹੈ।
ਆਪਣੀ ਜੰਗਲ ਦੀ ਅੱਗ ਵਾਲੀ ਯੋਜਨਾ ਨੂੰ ਸ਼ੁਰੂ ਕਰੋ।

**ਐਮਰਜੈਂਸੀ ਚੇਤਾਵਨੀ**

ਅੱਗ ਲੱਗ ਗਈ ਹੈ। ਹੁਣੇ ਕਾਰਵਾਈ ਕਰੋ।
ਤੁਸੀਂ ਖਤਰੇ ਵਿੱਚ ਹੋ।

Queensland Government

## ਜਾਣੋ ਕਿ ਜਾਣਕਾਰੀ ਅਤੇ ਚੇਤਾਵਨੀਆਂ ਕਿੱਥੇ ਲੱਭਣੀਆਂ ਹਨ



ਆਪਣੇ ਰੇਡੀਓ ਨੂੰ ਸੁਣੋ:

- ਆਪਣਾ ਸਥਾਨਕ ABC ਸਟੇਸ਼ਨ ਲੱਭੋ।
  **abc.net.au/newsradio**
- ਆਪਣਾ ਸਥਾਨਕ ਵਪਾਰਕ ਸਟੇਸ਼ਨ ਲੱਭੋ।
  **commercialradio.com.au**

ਸ਼ੋਸ਼ਲ ਮੀਡੀਆ ‘ਤੇ QFES ਨਾਲ ਜੁੜੋ:

- Facebook **@QldFireandEmergencyServices**
- ਟਵਿੱਟਰ **@QldFES**



ਜੰਗਲ ਦੀ ਅੱਗ ਦਾ ਮੌਜੂਦਾ ਨਕਸ਼ਾ ਵੇਖੋ:

- **qfes.qld.gov.au/Current-Incidents**

## ਨਿਕਲਣ ਵਾਲੀ ਕਿੱਟ ਪੈਕ ਕਰੋ

- ☐ ਹਰੇਕ ਵਿਅਕਤੀ ਵਾਸਤੇ ਕੱਪੜੇ
- ☐ ਪੀਣ ਲਈ ਪਾਣੀ
- ☐ ਦਵਾਈ ਅਤੇ ਇਸ ਦੀਆਂ ਪਰਚੀਆਂ
- ☐ ਰੇਡੀਓ
- ☐ ਟਾਰਚ
- ☐ ਵਾਧੂ ਬੈਟਰੀਆਂ (ਸੈੱਲ)
- ☐ ਮੋਬਾਈਲ ਫ਼ੋਨ ਅਤੇ ਚਾਰਜਰ
- ☐ ਉੱਨ ਦੇ ਕੰਬਲ
- ☐ ਪਾਲਤੂ ਜਾਨਵਰਾਂ ਦੀਆਂ ਚੀਜ਼ਾਂ



☐ ਮਹੱਤਵਪੂਰਨ ਦਸਤਾਵੇਜ਼:

- ਐਮਰਜੈਂਸੀ ਫ਼ੋਨ ਨੰਬਰ
- ਫ਼ੋਟੋ ਆਈ.ਡੀ. / ਪਾਸਪੋਰਟ
- ਬੀਮੇ ਦੇ ਕਾਗਜ਼
- ਵਸੀਅਤ
- ਪੈਸੇ
- ਜਨਮ ਅਤੇ ਵਿਆਹ ਦੇ ਸਰਟੀਫਿਕੇਟ
- ਫ਼ੋਟੋਆਂ

**ਆਪਣੀ ਨਿਕਲਣ ਵਾਲੀ ਕਿੱਟ ਨੂੰ ਲੱਭਣ ਲਈ ਕਿਸੇ ਸੌਖੀ ਜਗ੍ਹਾ ‘ਤੇ ਰੱਖੋ।**

**qfes.qld.gov.au/bushfires ‘ਤੇ ਹੋਰ ਜਾਣਕਾਰੀ ਲੱਭੋ**

ਹੋਰਨਾਂ ਭਾਸ਼ਾਵਾਂ ਵਿੱਚ ਮਦਦ ਵਾਸਤੇ **1800 512 451** ‘ਤੇ ਫ਼ੋਨ ਕਰੋ ਜਾਂ ਫਿਰ www.qld.gov.au/help/languages ‘ਤੇ ਜਾਓ

© ਕੁਈਨਜ਼ਲੈਂਡ ਸਟੇਟ (ਕੁਈਨਜ਼ਲੈਂਡ ਫਾਇਰ ਐਂਡ ਐਮਰਜੈਂਸੀ ਸਰਵਿਸਜ਼) 2023
ਤਸਵੀਰਾਂ ਅਤੇ ਟ੍ਰੇਡਮਾਰਕਾਂ ਨੂੰ ਛੱਡ ਕੇ ਬਾਕੀ ਸਾਰੀ ਸਮੱਗਰੀ CC 4.0 ਦੇ ਅਧੀਨ ਲਾਇਸੰਸਸ਼ੁਦਾ ਹੈ।